CAMVAP
PAVAC

**Canadian Motor Vehicle Arbitration Plan**

## ਕੈਨੇਡੀਅਨ ਮੋਟਰ ਗੱਡੀਆਂ ਸੰਬੰਧੀ ਸਾਲਸੀ ਪ੍ਰੋਗਰਾਮ (CAMVAP) ਤੋਂ ਭਾਵ ਕੀ ਹੈ?

ਕੈਨੇਡੀਅਨ ਮੋਟਰ ਗੱਡੀਆਂ ਸੰਬੰਧੀ ਸਾਲਸੀ ਪ੍ਰੋਗਰਾਮ (CAMVAP) ਅਜਿਹਾ ਪ੍ਰੋਗਰਾਮ ਹੈ ਜੋ ਖਪਤਕਾਰ ਅਤੇ ਗੱਡੀਆਂ ਦੇ ਨਿਰਮਾਣ ਕਰਨ ਵਾਲਿਆਂ ਵਿਚਕਾਰ ਪੈਦਾ ਹੋਏ ਝਗੜਿਆਂ ਨੂੰ ਸੁਲਝਾਉਣ ਲਈ ਬੰਧਣਕਾਰੀ ਸਾਲਸੀ ਦੀ ਖੁੱਲ੍ਹ ਦਿੰਦਾ ਹੈ। ਕੈਨੇਡੀਅਨ ਮੋਟਰ ਗੱਡੀਆਂ ਸੰਬੰਧੀ ਸਾਲਸੀ ਪ੍ਰੋਗਰਾਮ (CAMVAP) ਅਧੀਨ ਗੱਡੀ ਦੀ ਅਸੈਂਬਲੀ ਦੇ ਨੁਕਸਾਂ ਜਾਂ ਨਵੀਆਂ ਗੱਡੀਆਂ ਦੀ ਵਰੰਟੀ ਨੂੰ ਲਾਗੂ ਕਰਨ ਨਾਲ ਸੰਬਧਤ ਝਗੜੇ (ਸਾਲਸੀ ਲਈ) ਪਾਤਰ ਮੰਨੇ ਜਾਂਦੇ ਹਨ।



ਕੈਨੇਡੀਅਨ ਮੋਟਰ ਗੱਡੀਆਂ ਸੰਬੰਧੀ ਸਾਲਸੀ ਪ੍ਰੋਗਰਾਮ (CAMVAP) ਖਪਤਕਾਰ ਲਈ ਬਿਨਾ ਕਿਸੇ ਖ਼ਰਚ ਦੇ ਉਪਲਬਧ ਹੁੰਦਾ ਹੈ ਅਤੇ ਕੈਨੇਡਾ ਦੇ ਸਾਰੇ ਪਰਾਂਤਾਂ ਅਤੇ ਟੈਰੇਟੂਰੀਆਂ ਵਿੱਚ ਇਸ ਤੀਕ ਪਹੁੰਚ ਕੀਤੀ ਜਾ ਸਕਦੀ ਹੈ।

ਕੈਨੇਡੀਅਨ ਮੋਟਰ ਗੱਡੀਆਂ ਸੰਬੰਧੀ ਸਾਲਸੀ ਪ੍ਰੋਗਰਾਮ (CAMVAP) ਝਗੜਿਆਂ ਨੂੰ ਸੁਲਝਾਉਣ ਦਾ ਪ੍ਰਭਾਵਪੂਰਨ ਢੰਗ ਹੈ। ਹਰੇਕ ਝਗੜੇ ਲਈ ਇੱਕ ਸੁਤੰਤਰ ਅਤੇ ਨਿਰਪੱਖ ਸਾਲਸ ਨਿਯੁਕਤ ਕੀਤਾ ਜਾਂਦਾ ਹੈ ਅਤੇ ਉਹ ਸਾਲਸ ਅਜਿਹਾ ਫ਼ੈਸਲਾ ਕਰਦਾ ਹੈ ਜੋ ਗੱਡੀ ਦੇ ਮਾਲਕ ਅਤੇ ਗੱਡੀ ਨਿਰਮਾਣ ਕਰਨ ਵਾਲੇ ਦੋਹਾਂ ਲਈ ਨਿਆਂਪੂਰਨ ਹੋਵੇ।

## ਅਕਸਰ ਪੁੱਛੇ ਜਾਂਦੇ ਪ੍ਰਸ਼ਨ

ਕੈਨੇਡੀਅਨ ਮੋਟਰ ਗੱਡੀਆਂ ਸੰਬੰਧੀ ਸਾਲਸੀ ਯੋਜਨਾ ਸੰਬੰਧੀ ਅਜਿਹੇ ਹੋਰ ਪ੍ਰਸ਼ਨਾਂ, ਜੋ ਇਸ ਜਗ੍ਹਾ ਦਰਜ ਨਹੀਂ ਹਨ, ਦੇ ਉੱਤਰ 1-800-207-0685 ਉੱਤੇ ਫ਼ੋਨ ਕਰ ਕੇ ਜਾਂ ਸਾਡੀ ਵੈੱਬਸਾਈਟ www.camvap.ca ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ।

## ਕੈਨੇਡੀਅਨ ਮੋਟਰ ਗੱਡੀਆਂ ਸੰਬੰਧੀ ਸਾਲਸੀ ਪ੍ਰੋਗਰਾਮ (CAMVAP) ਦੀ ਵਰਤੋਂ ਕੌਣ ਕਰ ਸਕਦਾ ਹੈ?

ਨਵੀਆਂ ਅਤੇ ਵਰਤੀਆਂ ਹੋਈਆਂ ਗੱਡੀਆਂ ਦੇ ਮਾਲਕ ਜਾਂ ਲੀਜ਼ 'ਤੇ ਲੈਣ ਵਾਲੇ ਵਿਅਕਤੀਆਂ ਲਈ  ਕੈਨੇਡੀਅਨ ਮੋਟਰ ਗੱਡੀਆਂ ਸੰਬੰਧੀ ਸਾਲਸੀ ਪ੍ਰੋਗਰਾਮ (CAMVAP) ਉਪਲਬਧ ਹੈ। ਵਿਪਾਰੀਆਂ ਦੀ ਮਾਲਕੀ ਵਾਲੀਆਂ ਗੱਡੀਆਂ,ਜੇ ਉਹ ਪਾਤਰਤਾ ਦੀਆਂ ਸ਼ਰਤਾਂ ਪੂਰੀਆਂ ਕਰਦੀਆਂ ਹੋਣ, ਤਾਂ ਉਹ ਵੀ ਇਸ ਪ੍ਰੋਗਰਾਮ ਦੀਆਂ ਪਾਤਰ ਹੋ ਸਕਦੀਆਂ ਹਨ।

## ਕੈਨੇਡੀਅਨ ਮੋਟਰ ਗੱਡੀਆਂ ਸੰਬੰਧੀ ਸਾਲਸੀ ਪ੍ਰੋਗਰਾਮ (CAMVAP) ਕਿਵੇਂ ਕੰਮ ਕਰਦਾ ਹੈ?

ਤੁਸੀਂ ਆਪਣੇ ਝਗੜੇ ਦੇ ਫ਼ੈਸਲੇ ਲਈ ਉਸ ਨੂੰ ਸਾਲਸ ਹਵਾਲੇ ਕਰਨ ਲਈ ਸਹਿਮਤ ਹੁੰਦੇ ਹੋ। ਸਾਲਸ ਸੁਣਵਾਈ ਕਰੇਗਾ ਜਿਥੇ ਉਹ ਝਗੜੇ ਬਾਰੇ ਤੁਹਾਡਾ ਪੱਖ ਅਤੇ ਗੱਡੀ ਨਿਰਮਾਣ ਕਰਨ ਵਾਲੇ ਦਾ ਪੱਖ ਸੁਣੇਗਾ। ਤੁਹਾਡੇ ਵੱਲੋਂ ਅਤੇ ਨਿਰਮਾਣ ਕਰਨ ਵਾਲੇ ਵੱਲੋਂ ਪੇਸ਼ ਕੀਤੇ ਗਏ ਸਾਰੇ ਸਬੂਤਾਂ ਨੂੰ ਵਿਚਾਰਨ ਪਿੱਛੋਂ, ਸਾਲਸ ਜੋ ਫ਼ੈਸਲਾ ਕਰੇਗਾ ਉਹ ਅੰਤਮ ਅਤੇ ਬੰਧਨਕਾਰੀ ਹੋਵੇਗਾ।

ਕੁਝ ਸੂਰਤਾਂ ਵਿੱਚ, ਖਪਤਕਾਰ ਅਤੇ ਨਿਰਮਾਣ ਕਰਨ ਵਾਲਾ ਸਾਲਸ ਕੋਲ ਜਾਣ ਤੋਂ ਪਹਿਲਾਂ ਹੀ ਝਗੜੇ ਦਾ ਫ਼ੈਸਲਾ ਕਰ ਸਕਦੇ ਹਨ।

## ਕੈਨੇਡੀਅਨ ਮੋਟਰ ਗੱਡੀਆਂ ਸੰਬੰਧੀ ਸਾਲਸੀ ਪ੍ਰੋਗਰਾਮ (CAMVAP) ਮੇਰੇ ਲਈ ਕੀ ਕਰ ਸਕਦਾ ਹੈ?

ਕੈਨੇਡੀਅਨ ਮੋਟਰ ਗੱਡੀਆਂ ਸੰਬੰਧੀ ਸਾਲਸੀ ਪ੍ਰੋਗਰਾਮ (CAMVAP) ਦੇ ਸਾਲਸ ਨਿਰਮਾਣ ਕਰਨ ਵਾਲੇ ਨੂੰ ਆਦੇਸ਼ ਦੇ ਸਕਦੇ ਹਨ ਕਿ ਉਹ:

1. ਨਿਰਮਾਣ ਕਰਨ ਵਾਲਾ ਆਪਣੇ ਖ਼ਰਚੇ 'ਤੇ ਤੁਹਾਡੀ ਗੱਡੀ ਦੀ ਸਮੱਸਿਆ ਦੀ ਮੁਰੰਮਤ ਕਰੇ,
2. ਤੁਹਾਡੀ ਗੱਡੀ ਨੂੰ ਵਾਪਸ ਖ਼ਰੀਦ ਲਵੇ,
3. ਜਿਹੜੀਆਂ ਮੁਰਮਤਾਂ ਦੇ ਖ਼ਰਚੇ ਤੁਸਾਂ ਆਪ ਭਰੇ ਹੋਣ ਉਨ੍ਹਾਂ ਦੀ ਅਦਾਇਗੀ ਤੁਹਾਨੂੰ ਕਰੇ।
4. ਤੁਹਾਡੇ ਵੱਲੋਂ ਆਪਣੀ ਜੇਬ ਵਿੱਚੋਂ ਕੀਤੇ ਖ਼ਰਚੇ ਤੁਹਾਨੂੰ ਅਦਾ ਕਰੇ।

ਸਾਲਸ ਇਹ ਫ਼ੈਸਲਾ ਵੀ ਕਰ ਸਕਦਾ ਹੈ ਕਿ ਤੁਹਾਡੇ ਵੱਲੋਂ ਪੇਸ਼ ਕੀਤੇ ਝਗੜੇ ਲਈ ਨਿਰਮਾਣ ਕਰਨ ਵਾਲਾ ਜ਼ਿੰਮੇਦਾਰ ਨਹੀਂ ਹੈ।

## ਕੀ ਮੈਨੂੰ ਦੁਭਾਸ਼ੀਏ ਦੀ ਲੋੜ ਪਵੇਗੀ?

ਕੈਨੇਡੀਅਨ ਮੋਟਰ ਗੱਡੀਆਂ ਸੰਬੰਧੀ ਸਾਲਸੀ ਪ੍ਰੋਗਰਾਮ (CAMVAP) ਦੇ ਫ਼ਾਰਮ ਤੇ ਸੇਵਾਵਾਂ ਅੰਗਰੇਜ਼ੀ ਅਤੇ ਫ਼ਰੈਂਚ ਰਾਹੀਂ ਮੁਹੱਈਆ ਕੀਤੀਆਂ ਜਾਂਦੀਆਂ ਹਨ। ਜੇ ਤੁਸੀਂ ਸੇਵਾ ਫ਼ਰੈਂਚ ਵਿੱਚ ਚਾਹੁੰਦੇ ਹੋਵੋ, ਤਾਂ ਤੁਹਾਡੇ ਕੇਸ ਨੂੰ ਨਜਿੱਠਣ ਵਾਸਤੇ ਕਿਊਬੈਕ ਦੇ ਪ੍ਰਸ਼ਾਸਕ ਕੋਲ ਬਦਲਿਆ ਜਾ ਸਕਦਾ ਹੈ। ਜੇ ਤੁਸੀਂ ਅੰਗਰੇਜ਼ੀ ਜਾਂ ਫ਼ਰੈਂਚ ਵਿੱਚੋਂ ਕੋਈ ਨਾ ਬੋਲ ਸਕਦੇ ਹੋਵੋ ਤਾਂ ਤੁਹਾਨੂੰ ਦੁਭਾਸ਼ੀਏ ਦੀ ਲੋੜ ਪੈਵੇਗੀ ਅਤੇ ਇਹ ਯਕੀਨੀ ਬਣਾਉਣ ਲਈ ਕਿ ਇਸ ਪ੍ਰੋਗਰਾਮ ਤੀਕ ਤੁਹਾਡੀ ਪਹੁੰਚ ਹੋ ਸਕੇ, ਕੈਨੇਡੀਅਨ ਮੋਟਰ ਗੱਡੀਆਂ ਸੰਬੰਧੀ ਸਾਲਸੀ ਪ੍ਰੋਗਰਾਮ (CAMVAP) ਨੂੰ ਅਜਿਹੇ ਵਿਅਕਤੀ ਨਾਲ ਕੰਮ ਕਰਨ ਵਿੱਚ ਖ਼ੁਸ਼ੀ ਹੋਵੇਗੀ।

CAMVAP
PAVAC

**Canadian Motor Vehicle Arbitration Plan**

## ਕੀ ਤੁਸੀਂ ਅਤੇ ਤੁਹਾਡੀ ਗੱਡੀ ਕੈਨੇਡੀਅਨ ਮੋਟਰ ਗੱਡੀਆਂ ਸੰਬੰਧੀ ਸਾਲਸੀ ਪ੍ਰੋਗਰਾਮ (CAMVAP) ਤੀਕ ਪਹੁੰਚ ਕਰਨਯੋਗ ਹੈ? ਇੱਕ ਤੁਰਤ ਝਾਤ

1. ਨਿਰਮਾਣ ਕਰਨ ਵਾਲੇ ਨਾਲ ਤੁਹਾਡਾ ਝਗੜਾ ਕੀ ਅਸੈਂਬਲੀ ਦੇ ਨੁਕਸ ਦੀ ਸ਼ਕਾਇਤ ਬਾਰੇ ਹੈ ਜਾਂ ਨਿਰਮਾਣ ਕਰਨ ਵਾਲੇ ਵੱਲੋਂ ਗੱਡੀ ਦੀ ਵਰੰਟੀ ਬਾਰੇ ਹੈ?
2. ਕੀ ਤੁਸੀਂ ਕੈਨੇਡਾ ਦੇ ਰਿਹਇਸ਼ੀ ਹੋ ਅਤੇ ਕੀ ਤੁਹਾਡੀ ਗੱਡੀ ਨਿਰਮਾਣ ਕਰਨ ਵਾਲੇ ਦੇ ਕੈਨੇਡਾ ਵਿੱਚ ਅਧਿਕਾਰਤ ਡੀਲਰ ਤੋਂ ਖ਼ਰੀਦੀ ਗਈ ਸੀ?
3. ਕੀ ਤੁਹਾਡੀ ਗੱਡੀ ਮੁੱਢਲੇ ਤੌਰ ਤੇ ਨਿੱਜੀ ਜਾਂ ਪਰਿਵਾਰਕ ਵਰਤੋਂ ਲਈ ਚਲਾਈ ਜਾਂਦੀ ਹੈ। (ਕਾਰੋਬਾਰ ਲਈ ਗੱਡੀ ਦੀ ਵਰਤੋਂ ਬਾਰੇ ਵਧੇਰੇ ਜਾਣਕਾਰੀ ਲਈ ਸਾਡੀ ਵੈੱਬਸਾਈਟ ਵੇਖੋ)?
4. ਕੀ ਤੁਹਾਡੀ ਗੱਡੀ ਮੌਜੂਦਾ ਮਾਡਲ ਦੀ ਹੈ ਜਾਂ ਪਿਛਲੇ ਚਾਰ ਸਾਲਾਂ ਦੇ ਮਾਡਲ ਦੀ ਹੈ?
5. ਕੀ ਤੁਹਾਡੀ ਗੱਡੀ 160,000 ਕਿਲੋਮੀਟਰ ਤੋਂ ਘੱਟ ਚੱਲੀ ਹੋਈ ਹੈ?
6. ਨਿਰਮਾਣ ਕਰਨ ਵਾਲੇ ਵੱਲੋਂ ਝਗੜਾ ਸੁਲਝਾਉਣ ਦੇ ਅਮਲ ਅਨੁਸਾਰ ਕੀ ਤੁਸਾਂ ਕਾਰਵਾਈ ਕੀਤੀ ਹੈ। (ਗੱਡੀ ਦੇ ਮਾਲਕ ਲਈ ਕਿਤਾਬਚਾ ਵੇਖੋ)?
7. ਸਮੱਸਿਆ ਨੂੰ ਸੁਲਝਾਉਣ ਵਾਸਤੇ ਕੀ ਤੁਸਾਂ ਡੀਲਰ ਅਤੇ ਨਿਰਮਾਣ ਕਰਨ ਵਾਲੇ ਦੋਹਾਂ ਨੂੰ ਉਚਤ ਸਮਾਂ ਅਤੇ ਮੌਕਾ ਮੁਹੱਈਆ ਕੀਤਾ ਹੈ?

## ਕੈਨੇਡੀਅਨ ਮੋਟਰ ਗੱਡੀਆਂ ਸੰਬੰਧੀ ਸਾਲਸੀ ਪ੍ਰੋਗਰਾਮ (CAMVAP) ਤੇਜ਼, ਮੁਫ਼ਤ, ਦੋਸਤਾਨਾ, ਅੰਤਮ ਹੁੰਦਾ ਹੈ... ਕੀ ਮੈਂ ਅਦਾਲਤ ਵਿੱਚ ਜਾ ਸਕਦਾ ਹਾਂ?

ਖਪਤਕਾਰ ਵਜੋਂ ਚੋਣ ਤੁਸਾਂ ਕਰਨੀ ਹੈ। ਤੁਸੀਂ ਅਦਾਲਤ ਵਿੱਚ ਦਾਅਵਾ ਕਰ ਸਕਦੇ ਹੋ ਜਾਂ ਕੈਨੇਡੀਅਨ ਮੋਟਰ ਗੱਡੀਆਂ ਸੰਬੰਧੀ ਸਾਲਸੀ ਪ੍ਰੋਗਰਾਮ (CAMVAP) ਦੀ ਵਰਤੋਂ ਕਰ ਸਕਦੇ ਹੋ, ਪਰ ਦੋਹਾਂ ਵਿੱਚੋਂ ਇੱਕ ਹੀ ਕਰ ਸਕਦੇ ਹੋ।

## ਸੁਣਵਾਈ ਕਿੱਥੇ ਕੀਤੀ ਜਾਵੇਗੀ?

ਜੇ ਤੁਹਾਡਾ ਕੇਸ ਸੁਣਵਾਈ ਦੀ ਹੱਦ ਤੀਕ ਪਹੁੰਚ ਜਾਂਦਾ ਹੈ ਤਾਂ ਇਹ ਤੁਹਾਡੇ ਆਪਣੇ ਨੇੜੇ ਦੀ ਕਮਿਊਨਿਟੀ ਵਿੱਚ ਜਾਂ ਇਸ ਦੇ ਨਜ਼ਦੀਕ ਕੀਤੀ ਜਾਵੇਗੀ।

## ਕੀ ਵਧੇਰੇ ਜਾਣਕਾਰੀ ਲੋੜੀਂਦੀ ਹੈ?

ਜੇ ਉੱਪਰ ਦਰਜ ਸਾਰੇ ਪ੍ਰਸ਼ਨਾਂ ਦੇ ਤੁਹਾਡੇ ਉੱਤਰ ਹਾਂ ਵਿੱਚ ਹੋਣ ਤਾਂ ਸੰਭਾਵਨਾ ਹੈ ਕਿ ਤੁਸੀਂ ਕੈਨੇਡੀਅਨ ਮੋਟਰ ਗੱਡੀਆਂ ਸੰਬੰਧੀ ਸਾਲਸੀ ਪ੍ਰੋਗਰਾਮ (CAMVAP) ਦੇ ਪਾਤਰ ਹੋਵੋਗੇ। ਵਧੇਰੇ ਜਾਣਕਾਰੀ ਲਈ ਕ੍ਰਿਪਾ ਕਰ ਕੇ, ਸਾਡੇ ਪ੍ਰੋਗਰਾਮ ਐਡਮਨਿੱਟਰੇਟਰ (ਪ੍ਰਸ਼ਾਸਕ) ਨਾਲ 1-800-207-0685 'ਤੇ ਸੰਪਰਕ ਕਰੋ ਜਾਂ ਸਾਡੀ ਵੈੱਬਸਾਈਟ www.camvap.ca ਉੱਤੇ ਜਾਓ।

## ਇਸ ਪ੍ਰੋਗਰਾਮ ਵਿੱਚ ਸ਼ਾਮਲ ਨਿਰਮਾਣ ਕਰਨ ਵਾਲੇ ਇਹ ਹਨ:

| | |
|---|---|
| ਕਰਾਈਸਲਰ ਕੈਨੇਡਾ ਇੰਕ. | 1-800-465-2001<br>1-800-387-9983 (ਕਿਊਬੈਕ) |
| ਫ਼ੋਰਡ ਮੋਟਰ ਕੰਪਨੀ ਆਫ਼ ਕੈਨੇਡਾ ਲਿਮਟਿਡ | 1-800-565-3673 |
| ਜੈਨਰਲ ਮੋਟਰਜ਼ ਆਫ਼ ਕੈਨੇਡਾ ਲਿਮਟਿਡ | 1-800-263-3777 (ਅੰਗਰੇਜ਼ੀ)<br>1-800-263-7854 (ਫ਼ਰੈਂਚ)<br>1-800-263-3830 (ਟੀਟੀਵਾਈ) |
| ਹਾਂਡਾ ਕੈਨੇਡਾ ਇੰਕ. | 1-888-946-6329 (ਹਾਂਡਾ)<br>1-888-922-8729 (ਐਕੂਰਾਅ) |
| ਹੰਡਾਈ ਆਟੋ ਕੈਨੇਡਾ ਕਾਰਪ. | 1-800-461-8242<br>1-800-461-5695 (ਕਿਊਬੈਕ) |
| ਜੈਗੁਆਰ ਕੈਨੇਡਾ ਇੰਕ | 1-800-668-6257 |
| ਕੀਆ ਕੈਨੇਡਾ ਇੰਕ. | 1-877-542-2886 |
| ਲੈਂਡ ਰੋਵੋਰ ਗਰੁੱਪ ਕੈਨੇਡਾ ਇੰਕ.. | 1-800-346-3493 |
| ਮੈਜ਼ਦਾ ਕੈਨੇਡਾ ਇੰਕ | 1-800-263-4680 |
| ਮਰਸੇਡੀਜ਼-ਬੈਨਜ਼ ਕੈਨੇਡਾ ਇੰਕ. | 1-800-387-0100 |
| ਨਿਸਾਨ ਕੈਨੇਡਾ ਇੰਕ. | 1-800-387-0122 (ਨਿੱਸਾਨ)<br>1-800-361-4792 (ਇਨਫਿਨੇਟੀ) |
| ਪੋਰਸ਼ੇ ਕਾਰਜ਼ ਨਾਰਥ ਅਮਰੀਕਾ ਇੰਕ | 1-800-767-7243 |
| ਸੁਬਾਰੂ ਕੈਨੇਡਾ ਇੰਕ. | 1-800-894-4212 |
| ਟਾਯੋਟਾ ਕੈਨੇਡਾ ਇੰਕ. | 1-888-869-6828 (ਟਾਯੋਟਾ)<br>1-800-265-3987 (ਲੈਕਸਜ਼) |
| ਵੋਕਸਵੈਗਨ ਗਰੁਪ ਕੈਨੇਡਾ ਇੰਕ. | 1-800-822-8987 (ਵੋਕਸਵੈਗਨ)<br>1-800-822-2834 (ਉਦੀ) |
| ਵਾਲਵੋ ਕਾਰਜ਼ ਆਫ਼ ਕੈਨੇਡਾ ਕਾਰਪ. | 1-800-663-8255 |

**1-800-207-0685**
**www.camvap.ca**